

# ਮਲਾਲ

ਪਰਵੀਨ ਰੱਖੜਾ

www.punjabilibrary.com

ਹਰਕਿਰਤ ਇਕ ਸੂਝਵਾਨ ਔਰਤ ਸੀ। ਵੈਸੇ ਤਾਂ ਉਹ ਪੜੀ ਲਿਖੀ ਘੱਟ ਸੀ, ਪਰ ਉਹ ਦਿਮਾਗ ਤੋਂ ਬਹੁਤ ਤੇਜ਼ ਸੀ। ਉਸਦਾ ਵਿਆਹ ਵੀ ਘੱਟ ਪੜੇ ਲਿਖੇ ਆਦਮੀ ਨਾਲ ਹੋਇਆ ਸੀ, ਕਿਉਂਕਿ ਹਰਕਿਰਤ ਦੇ ਘਰ ਦੇ ਆਰਥਿਕ ਪੱਖੋਂ ਕਮਜ਼ੋਰ ਸਨ।

ਹਰਕਿਰਤ ਦਾ 18 ਸਾਲ ਦੀ ਉਮਰ ਵਿਚ ਹੀ ਵਿਆਹ ਕਰ ਦਿਤਾ ਸੀ, ਉਹ ਵੀ ਉਸਦੀ ਮਰਜ਼ੀ ਤੋਂ ਵਗੈਰ। ਹਰਕਿਰਤ ਇਹ ਵਿਆਹ ਤੋਂ ਖੁਸ਼ ਨਹੀਂ ਸੀ। ਹਰਕਿਰਤ ਦਾ ਵਿਆਹ ਸੁਖਵੀਰ ਨਾਲ ਹੋਇਆ ਸੀ ਜੋ ਉਸ ਤੋਂ 8 ਸਾਲ ਬੜਾ ਸੀ। ਉਹ ਇਕ ਫੈਕਟਰੀ ਵਿਚ  ਕੰਮ ਕਰਦਾ ਸੀ। ਸੁਖਵੀਰ ਹਾਲੇ ਕੱਚੇ ਕਾਮੇ ਦੇ ਤੌਰ ਤੇ ਕੰਮ ਕਰਦਾ ਸੀ, ਕਿਉਂਕਿ ਫੈਕਟਰੀ ਵਿਚ ਪੱਕਾ ਹੋਣ ਲਈ ਕਿਸੇ ਬੜੇ ਬੰਦੇ ਦੀ ਸਿਫਾਰਿਸ਼ ਜਾਂ ਫੈਕਟਰੀ ਦੇ ਬੜੇ ਅਫਸਰਾਂ ਦੀ ਸਿਫਾਰਸ਼ ਦੀ ਜ਼ਰੂਰਤ ਪੈਂਦੀ ਸੀ, ਪਰ ਸੁਖਵੀਰ ਦੀ ਏਦਾਂ ਦੀ ਕੋਈ ਜਾਣ ਪਹਿਚਾਣ ਨਹੀਂ ਸੀ। ਉਹ ਜਿੰਨੇ ਕੇ ਪੈਸੇ ਕਮਾਉਂਦਾ, ਉਸ ਵਿਚੋਂ ਜ਼ਿਆਦਾਤਰ ਸ਼ਰਾਬ ਵਿਚ ਉਡਾ ਦਿੰਦਾ ਸੀ। ਹਰਕਿਰਤ ਦੇ ਵਿਆਹ ਨੂੰ ਹੁਣ 7 ਸਾਲ ਹੋ ਗਏ ਸਨ। ਉਸ ਕੋਲ 1 ਕੁੜੀ ਤੇ 1 ਮੁੰਡਾ ਸੀ। ਬੜੀ ਕੁੜੀ 5 ਸਾਲਾਂ ਦੀ ਤੇ ਮੁੰਡਾ ਮਸਾਂ ਕੁ 3 ਸਾਲਾਂ ਦਾ ਸੀ। ਹਰਕਿਰਤ ਦੇ ਘਰ ਹਮੇਸ਼ਾਂ ਪੈਸਿਆਂ ਨੂੰ ਲੈ ਕੇ ਹੱਥ ਤੰਗ ਰਹਿੰਦਾ ਸੀ। ਇਸ ਕਰਕੇ ਉਸਦੀ ਹਮੇਸ਼ਾ ਸੁਖਵੀਰ ਨਾਲ ਲੜਾਈ ਹੁੰਦੀ ਰਹਿੰਦੀ ਸੀ। ਸੁਖਵੀਰ ਹਰ ਰੋਜ਼ ਸ਼ਰਾਬ ਪੀ ਕੇ ਘਰ ਆਉਦਾ ਸੀ। ਘਰ ਦਾ ਮਾਹੌਲ ਹੋਰ ਵੀ ਜ਼ਿਆਦਾ ਖ਼ਰਾਬ ਰਹਿਣ ਲੱਗ ਗਿਆ ਸੀ। ਹਰਕਿਰਤ ਸੁਖਵੀਰ ਤੋਂ ਕਿਸੇ ਵੀ ਪੱਖ ਤੋਂ ਖੁਸ਼ ਨਹੀਂ ਸੀ, ਨਾ ਹੀ ਆਰਥਿਕ ਪੱਖ ਤੋਂ ਤੇ ਨਾ ਹੀ ਸਰੀਰਕ ਪੱਖ ਤੋਂ,
ਸੁਖਵੀਰ ਦਾਰੂ ਨਾਲ ਰੱਜ ਕੇ ਘਰ ਆਉਂਦਾ ਤੇ ਕਦੇ ਕਦੇ ਆਉਣ ਸਾਰ ਲੜਨ ਲੱਗ ਜਾਂਦਾ ਤੇ ਕਦੇ ਆਉਣ ਸਾਰ ਸੋ ਜਾਂਦਾ।
ਹਰਕਿਰਤ ਦਾ ਸੁਭਾਹ ਦਿਨ-ਬਾ-ਦਿਨ ਚਿੜਚਿੜਾ ਹੁੰਦਾ ਜਾ ਰਿਹਾ ਸੀ।
ਹਰਕਿਰਤ ਆਪਣਾ ਸਾਰਾ ਗੁੱਸਾ ਆਪਣਿਆਂ ਬੱਚਿਆਂ ਤੇ ਉਤਾਰਨ ਲੱਗ ਗਈ ਤੇ

ਬੱਚਿਆਂ ਨੂੰ ਛੋਟੀ ਜਿਹੀ ਗੱਲ ਉੱਤੇ ਵੀ ਕੁੱਟ ਦਿੰਦੀ। ਹਰਕਿਰਤ ਆਪਣੀ ਜ਼ਿੰਦਗੀ ਤੋਂ ਬਿਲਕੁਲ ਤੰਗ ਆ ਚੁੱਕੀ ਸੀ।

ਏਦਾਂ ਹੀ ਸਮਾਂ ਬੀਤਦਾ ਰਿਹਾ ਤੇ ਇਕ ਦਿਨ ਹਰਕਿਰਤ ਦੇ ਗੁਆਂਢ ਵਿਚ ਅਕਾਸ਼ ਨਾਮ ਦਾ ਇਕ ਮੁੰਡਾ ਰਹਿਣ ਆਇਆ। ਜਿਸ ਘਰ ਵਿਚ ਅਕਾਸ਼ ਰਹਿਣ ਆਇਆ ਸੀ, ਉਹ ਘਰ ਹਰਕਿਰਤ ਦੇ ਘਰਦੇ ਬਿਲਕੁਲ ਨਾਲ ਹੀ ਸੀ। ਉਸ ਕਾਲੋਨੀ ਵਿਚ ਉਹੀ 2 ਘਰ ਸਨ, ਬਾਕੀ ਕਈ ਪਲਾਟ ਵਿਕੇ ਹੋਏ ਸਨ ਪਰ ਹਾਲੇ ਤੱਕ ਕਿਸੇ ਨੇ ਓਥੇ ਘਰ ਨਹੀਂ ਪਾਇਆ ਸੀ। ਉਹ ਮੁੰਡਾ M.A. ਦੀ ਪੜਾਈ ਕਰ ਰਿਹਾ ਸੀ ਤੇ ਕਿਰਾਏ ਉੱਤੇ ਗੁਆਂਢ ਵਿਚ ਰਹਿਣ ਆਇਆ ਸੀ। ਅਕਾਸ਼ ਦੇਖਣ ਨੂੰ ਬਹੁਤ ਸੁੰਦਰ ਸੀ। ਜੇਕਰ ਕੋਈ ਕੁੜੀ ਉਸ ਵੱਲ ਦੇਖਦੀ ਸੀ ਤਾਂ ਅਕਾਸ਼ ਦੀ ਸੁੰਦਰਤਾ ਉਸਨੂੰ ਮੋਹ ਲੈਂਦੀ ਸੀ।

ਇਕ ਦਿਨ ਹਰਕਿਰਤ ਛੱਤ ਉੱਤੇ ਕੱਪੜੇ ਸੁੱਕਾ ਰਹੀ ਸੀ। ਅਚਾਨਕ ਅਕਾਸ਼ ਵੀ ਆਪਣੇ ਘਰ ਦੀ ਛੱਤ ਉੱਤੇ ਆ ਗਿਆ। ਨਾਲ ਵਾਲੇ ਘਰ ਵਿਚ ਕੋਈ ਨਹੀਂ ਰਹਿੰਦਾ ਸੀ, ਇਸ ਕਰਕੇ ਹਰਕਿਰਤ ਉਸ ਮੁੰਡੇ ਨੂੰ ਦੇਖ ਕੇ ਹੈਰਾਨ ਹੋਈ। ਹਰਕਿਰਤ ਨੇ ਜਦੋਂ ਅਕਾਸ਼ ਨੂੰ ਦੇਖਿਆ ਤਾਂ ਉਹ ਉਸਨੂੰ ਦੇਖਦੇ ਹੀ ਰਹਿ ਗਈ। ਹਰਕਿਰਤ ਦੀਆਂ ਅੱਖਾਂ ਵਿਚ ਇਕ ਅਜੀਬ ਜਿਹੀ ਚਮਕ ਸੀ ਤੇ ਉਹ ਕੱਪੜਿਆਂ ਨੂੰ ਨਿਚੋੜ ਕੇ ਤਾਰ ਉੱਤੇ ਪਾਉਂਦੀ ਰਹੀ ਤੇ ਉਸਦੀ ਟੇਡੀ ਜਿਹੀ ਨਿਗ੍ਹਾ ਅਕਾਸ਼ ਨੂੰ ਨਿਹਾਰਦੀ ਰਹੀ।

ਅਚਾਨਕ ਅਕਾਸ਼ ਦੀ ਨਿਗ੍ਹਾ ਹਰਕਿਰਤ ਉੱਤੇ ਪਈ ਤੇ ਹਰਕਿਰਤ ਨੇ ਅਚਾਨਕ ਆਪਣੀ ਨਜ਼ਰ ਇਧਰ ਉਧਰ ਘੁਮਾਉਣ ਲੱਗ ਗਈ ਤੇ ਕੱਪੜਿਆਂ ਨੂੰ ਨਿਚੋੜਨ ਵਿਚ ਰੁੱਝਣ ਦਾ ਨਾਟਕ ਕਰਨ ਲੱਗੀ।

ਅਕਾਸ਼ ਨੂੰ ਇਹ ਗੱਲ ਥੋੜੀ ਅਜੀਬ ਲੱਗੀ। ਅਕਾਸ਼ ਵੀ ਹਰਕਿਰਤ ਨੂੰ ਦੇਖਕੇ ਉਸ ਵੱਲ ਦੇਖਦਾ ਹੀ ਰਹਿ ਗਿਆ। ਹਰਕਿਰਤ ਨੇ ਚਿੱਟੇ ਰੰਗ ਦਾ ਸੂਟ ਪਾਇਆ ਸੀ ਜੋ ਪਸੀਨੇ ਨਾਲ ਭਿੱਜਿਆ ਹੋਇਆ ਸੀ। ਸੂਟ ਭਿੱਜਣ ਕਰਕੇ ਉਸਦੇ ਸਰੀਰ ਦੀ ਬਨਾਵਟ ਸ਼ਰੇਆਮ ਦਿਖ ਰਹੀ ਸੀ। ਉਸਦੇ ਵਾਲਾਂ ਦੀ ਇਕ ਲਟ ਉਸਦੇ ਮੱਥੇ

www.punjabilibrary.com

ਉਪਰ ਦੀ ਆ ਕੇ ਉਸਦੇ ਗੁਲਾਬੀ ਬੁੱਲ੍ਹਾ ਨੂੰ ਛੂਹ ਰਹੀ ਸੀ। ਉਸਦੀ ਚੁੰਨੀ ਸਿਰਫ ਨਾਮ ਦਾ ਹੀ ਉਸਦੇ ਸਰੀਰ ਨੂੰ ਢੱਕ ਰਹੀ ਸੀ। ਵੈਸੇ ਤਾਂ ਹਰਕਿਰਤ 2 ਜਵਾਕਾਂ ਦੀ ਮਾਂ ਸੀ, ਪਰ ਕੋਈ ਉਸਨੂੰ ਦੇਖ ਕੇ ਕਹਿ ਨਹੀਂ ਸਕਦਾ ਸੀ ਕਿ ਉਹ 2 ਜਵਾਕਾਂ ਦੀ ਮਾਂ ਹੈ।ਅਕਾਸ਼ ਨੂੰ ਆਪਣੇ ਵੱਲ ਦੇਖਦੇ ਹਰਕਿਰਤ ਦਾ ਸਰੀਰ ਇਕ ਦਮ ਕੰਬ ਗਿਆ। ਉਸਨੂੰ ਸਮਝ ਨਹੀਂ ਆਈ ਉਹ ਕਿ ਕਰੇ।ਏਨੇ ਨੂੰ ਅਕਾਸ਼ ਨੇ ਹਰਕਿਰਤ ਨੂੰ ਅਵਾਜ਼ ਮਾਰੀ

ਅਕਾਸ਼:- ਨਮਸਤੇ ਭਾਬੀ ਜੀ...
ਹਰਕਿਰਤ:- (ਆਪਣੇ ਆਪ ਨੂੰ ਸੰਭਾਲਦੇ ਹੋਏ) ਨਮਸਤੇ...ਤੁਸੀ ਕੌਣ...ਪਹਿਲਾਂ ਨਹੀਂ ਦੇਖਿਆ ਕਦੀ ਤੁਹਾਨੂੰ
ਅਕਾਸ਼:- ਦੇਖੋਂਗੇ ਕਿਵੇਂ ਭਾਬੀ ਜੀ...ਕੱਲ ਹੀ ਆਇਆਂ ਮੈਂ ਰਹਿਣ ਏਥੇ, ਮੈਂ ਏਥੇ ਕਾਲਜ ਵਿਚ ਪੜ੍ਹਾਈ ਕਰਦਾਂ ਜੀ।
ਹਰਕਿਰਤ:- ਠੀਕ ਆ ਜੀ...ਅਸੀਂ ਏਥੇ ਰਹਿਣੇ ਆ...ਕਦੀ ਕਿਸੇ ਚੀਜ਼ ਦੀ ਜਰੂਰਤ ਹੋਵੇ ਤਾਂ ਜਰੂਰ ਦੱਸਿਓ।
ਅਕਾਸ਼:- ਸ਼ੁਕਰੀਆ ਭਾਬੀ ਜੀ...ਜ਼ਰੂਰ ਦੱਸਾਂਗੇ।

ਏਨਾ ਕਹਿੰਦੇ ਹਰਕਿਰਤ ਆਪਣੀ ਬਾਲਟੀ ਚੱਕ ਕੇ ਨੀਚੇ ਆ ਗਈ। ਪਰ ਹਰਕਿਰਤ ਦੀਆਂ ਅੱਖਾਂ ਸਾਹਮਣੇ ਹਾਲੇ ਵੀ ਅਕਾਸ਼ ਦਾ ਅਕਸ ਘੁੰਮ ਰਿਹਾ ਸੀ। ਹਰਕਿਰਤ ਨੂੰ ਅਕਾਸ਼ ਦੀਆਂ ਭੂਰੀਆਂ ਅੱਖਾਂ ਵਿਚ ਥੋੜੀ ਸ਼ਰਾਰਤ ਨਜ਼ਰ ਆਈ। ਕਿਉਂਕਿ ਹਰਕਿਰਤ ਨਾਲ ਗੱਲ ਕਰਦੇ ਅਕਾਸ਼ ਦਾ ਜ਼ਿਆਦਾ ਧਿਆਨ ਉਸਦੇ ਸਰੀਰ ਉੱਤੇ ਜਾ ਰਿਹਾ ਸੀ। ਕਿਉਂਕਿ ਹਰਕਿਰਤ ਦੇਖਣ ਵਿਚ ਬਹੁਤ ਸੋਹਣੀ ਸੀ ਤੇ ਉਸਦਾ ਸਰੀਰ ਦੀ ਭਰਵਾਂ ਸੀ।
ਹਰਕਿਰਤ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਉਸ ਸਮੇਂ ਅਕਾਸ਼ ਦੇ ਦਿਮਾਗ ਵਿਚ ਕਿ ਚੱਲ ਰਿਹਾ ਸੀ।
ਕੁਝ ਦਿਨ ਬੀਤ ਗਏ। ਅਕਾਸ਼ ਤੇ ਹਰਕਿਰਤ ਉਸ ਤਰ੍ਹਾਂ ਹੀ ਕੋਠੇ ਉੱਤੇ ਮਿਲਦੇ

www.punjabilibrary.com

ਰਹਿੰਦੇ ,ਇਕ ਦੂਜੇ ਨਾਲ ਗੱਲਾਂ ਕਰਦੇ ਰਹਿੰਦੇ।
ਹਰਕਿਰਤ ਨੂੰ ਅਕਾਸ਼ ਨਾਲ ਗੱਲਾਂ ਕਰਨਾ ਕਾਫੀ ਪਸੰਦ ਆਉਣ ਲੱਗਾ। ਕਾਫੀ ਦਿਨ ਏਦਾਂ ਹੀ ਚੱਲਦਾ ਰਿਹਾ। ਅਕਾਸ਼ ਵੀ ਹਰਕਿਰਤ ਵੱਲ ਆਕਰਸ਼ਿਤ ਜਿਹਾ ਹੋਣ ਲੱਗ ਗਿਆ ਸੀ।

ਇਕ ਦਿਨ ਦੁਪਹਿਰ ਦੇ ਸਮੇਂ ਅਚਾਨਕ ਬੱਦਲ ਛਾ ਗਏ ਤੇ ਮੌਸਮ ਥੋੜ੍ਹਾ ਠੰਡਾ ਜਾ ਹੋ ਗਿਆ ਕਿਉਕਿ ਗਰਮੀ ਦਾ ਸਮਾਂ ਚੱਲਦਾ ਸੀ, ਇਸ ਲਈ ਮੌਸਮ ਥੋੜ੍ਹਾ ਜਾ ਸੁਹਾਣਾ ਹੋ ਗਿਆ ਸੀ। ਹਰਕਿਰਤ ਦੇ ਜਵਾਕ ਸਕੂਲ ਵਿਚੋਂ ਛੁੱਟੀ ਹੋਣ ਕਰ ਕੇ ਘਰ ਵਿਚ ਹੀ ਸਨ। ਉਹ ਆਪਣੇ ਜਵਾਕਾਂ ਨੂੰ ਸੁਲਾ ਕੇ ਕੋਠੇ ਉਪਰ ਆਈ ਸੀ, ਮੌਸਮ ਦਾ ਆਨੰਦ ਲੈਣ ਲਈ, ਤੇ ਅਕਾਸ਼ ਵੀ ਕੋਠੇ ਉਪਰ ਹੀ ਕੁਰਸੀ ਡਾਹ ਕੇ ਬੈਠਾ ਸੀ। ਹਰਕਿਰਤ ਨੂੰ ਦੇਖਦੇ ਅਕਾਸ਼ ਨੇ ਕਿਹਾ
ਅਕਾਸ਼:- ਭਾਬੀ ਜੀ..ਤੁਸੀ ਹਮੇਸ਼ਾ ਆਪਣੀ ਛੱਤ ਤੇ ਖੜੇ ਰਹਿ ਕੇ ਗੱਲਾਂ ਮਾਰਦੇ ਰਹਿਣੇ ਹੋ। ਕਦੇ ਇਧਰ ਵੀ ਆ ਜਾਉ...ਚਾਹ-ਚੁਹ ਪੀਣੇ ਆ ਕੱਠੇ ਬੈਠ ਕੇ...ਦੇਖੋਂ ਮੌਸਮ ਕਿੰਨਾ ਸੋਹਣਾ ਹੋਇਆ ਅੱਜ...
ਹਰਕਿਰਤ:- ਨਹੀਂ ਅਕਾਸ਼...ਜਵਾਕ ਸੁੱਤੇ ਪਏ ਨੇ...ਜੇ ਉਠ ਗਏ ਤੇ ਉਹਨਾਂ ਨੂੰ ਮੈਂ ਨਾ ਮਿਲੀ ਤਾਂ ਉਹਨਾਂ ਨੇ ਘਰ ਸਿਰ ਉੱਤੇ ਚੱਕ ਲੈਣਾ ਫੇਰ
ਅਕਾਸ਼:- ਕਿਧਰੇ ਨੀ ਉਠਦੇ ਭਾਬੀ...ਆਜੋ ਤੁਸੀ...ਜ਼ਿਆਦਾ ਸਮਾਂ ਨੀ ਲੈਂਦਾ ਤੁਹਾਡਾ ਮੈਂ...ਚਾਹ ਪੀ ਕੇ ਲੰਘ ਜਾਇਓ।

ਹਰਕਿਰਤ ਉਹਨਾਂ ਦੇ ਕੋਠੇ ਤੋਂ ਛੋਟੀ ਜਿਹੀ ਕੰਧ ਟੱਪ ਕੇ ਅਕਾਸ਼ ਦੇ ਕੋਠੇ ਉੱਤੇ ਚੱਲੀ ਗਈ।
ਹਰਕਿਰਤ ਦਾ ਲਹਿਰਾਉਂਦਾ ਸਰੀਰ ਦੇਖ ਅਕਾਸ਼ ਅੰਦਰੋਂ ਅੰਦਰ ਮਚਲਣ ਲੱਗ ਗਿਆ। ਹਰਕਿਰਤ ਦੇ ਹਰੇ ਰੰਗ ਦਾ ਸੂਟ ਪਾਇਆ ਸੀ, ਜਿਸ ਵਿਚ ਉਸਦਾ ਕਸਮਾਂ ਸਰੀਰ ਬਹੁਤ ਹੀ ਜ਼ਿਆਦਾ ਸੁੰਦਰ ਲੱਗ ਰਿਹਾ ਸੀ। ਅਕਾਸ਼ ਹਰਕਿਰਤ ਨੂੰ ਆਪਣੇ ਕਮਰੇ ਵਿਚ ਲੈ ਗਿਆ, ਜਿਥੇ ਇਕ ਬੈਡ ਤੇ ਇਕ ਸੋਫਾ ਰੱਖਿਆ

ਹੋਇਆ ਸੀ। ਮਨੋਰੰਜਨ ਲਈ ਟੀਵੀ ਵੀ ਲੱਗਿਆ ਹੋਇਆ ਸੀ। ਹਰਕਿਰਤ ਸੋਫੇ ਉੱਤੇ ਬੈਠ ਗਈ ਤੇ ਅਕਾਸ਼ ਬੈਡ ਉੱਤੇ ਬੈਠ ਗਿਆ।ਅਕਾਸ਼ ਹਰਕਿਰਤ ਨੂੰ ਦੇਖ ਕੇ ਬੋਲਿਆ

ਅਕਾਸ਼:- ਇਕ ਗੱਲ ਕਹਾਂ ਭਾਬੀ ਜੀ...ਬੜੇ ਸੋਹਣੇ ਲੱਗ ਰਹੇ ਹੋ ਅੱਜ ਤਾਂ ਤੁਸੀ
ਹਰਕਿਰਤ:- ਅੱਛਾ ਜੀ...ਏਨੀ ਵੀ ਸੋਹਣੀ ਨੀ ਮੈਂ ਜਿੰਨੀ ਤੁਹਾਨੂੰ ਲੱਗ ਰਹੀ ਹਾਂ
ਅਕਾਸ਼:- ਸਾਡੀਆਂ ਨਜ਼ਰਾਂ ਨਾਲ ਦੇਖੋਂ ਜੀ...ਫੇਰ ਪਤਾ ਲੱਗੂ ਤੁਹਾਨੂੰ
(ਇਹ ਸੁਣ ਕੇ ਹਰਕਿਰਤ ਥੋੜ੍ਹਾ ਸ਼ਰਮਾ ਗਈ।)
ਅਕਾਸ਼:- ਰੁਕੋ ਜੀ, ਮੈਂ ਚਾਹ ਲੈ ਕੇ ਆਇਆ।
ਹਰਕਿਰਤ:- ਨਹੀਂ...ਤੁਸੀ ਰਹਿਣ ਦੋ...ਚਾਹ ਮੈਂ ਬਣਾ ਦੇਵਾਂਗੀ...ਤੁਸੀ ਦੱਸੋ ਰਸੋਈ ਕਿਥੇ ਆ।
ਅਕਾਸ਼:- ਨਹੀਂ ਜੀ...ਸਾਡੇ ਘਰ ਆਏ ਮਹਿਮਾਨ ਤੋਂ ਕੰਮ ਨਹੀਂ ਕਰਾਉਂਦੇ...ਤੁਸੀ ਅਰਾਮ ਨਾਲ ਬੈਠੋ...ਮੈਂ ਬਸ 2 ਮਿੰਟ ਵਿਚ ਆਇਆ...

ਅਕਾਸ਼ ਰਸੋਈ ਵਿਚ ਚਲਾ ਗਿਆ ਤੇ 2 ਕੱਪ ਚਾਹ ਲੈ ਆਇਆ ਤੇ ਨਾਲ ਖਾਣ ਵਾਸਤੇ ਭੁਜੀਆਂ ਲੈ ਆਇਆ।
ਅਕਾਸ਼:- ਲੋ ਭਾਬੀ ਜੀ...ਗਰਮਾ ਗਰਮ ਚਾਹ
ਹਰਕਿਰਤ:-(ਚਾਹ ਦਾ ਕੱਪ ਫੜਦੇ) ਸ਼ੁਕਰੀਆ ਜੀ

ਦੋਵੇ ਬੈਠ ਕੇ ਚਾਹ ਦੀ ਚੂਸਕੀ ਲੈਣ ਲੱਗੇ। ਦੋਵੇਂ ਇਕ ਦੂਜੇ ਦੀਆਂ ਅੱਖਾਂ ਵਿਚ ਅਜੀਬ ਜਿਹੇ ਤਰੀਕੇ ਨਾਲ ਦੇਖ ਰਹੇ ਸਨ। ਫਿਰ ਅਕਾਸ਼ ਬੋਲਿਆ

ਅਕਾਸ਼:- ਭਾਬੀ ਜੀ, ਇਕ ਗੱਲ ਪੁੱਛਾਂ...ਗੁੱਸਾ ਤਾਂ ਨੀ ਕਰਦੇ
ਹਰਕਿਰਤ:- (ਹੱਸਦੇ ਹੋਏ) ਇਹ ਤਾਂ ਜੀ ਤੁਹਾਡੇ ਸਵਾਲ ਉੱਤੇ ਨਿਰਭਰ ਕਰਦਾ
ਅਕਾਸ਼:- ਜੇ ਤੁਸੀ ਗੁੱਸਾ ਕਰੋਂਗੇ ਤਾਂ ਰਹਿਣ ਦਿਨਾਂ ਜੀ ਸਵਾਲ ਪੁੱਛਣ ਨੂੰ
ਹਰਕਿਰਤ:- (ਹੱਸ ਕੇ) ਨਹੀਂ ਜੀ...ਨਹੀਂ ਕਰਦੀ ਗੁੱਸਾ...ਬੇਫ਼ਿਕਰ ਹੋ ਕੇ ਪੁੱਛੋ ਤੁਸੀ

ਅਕਾਸ਼:- ਮੈਂ ਸੁਣਿਆ ਤੁਹਾਡੀ ਤੁਹਾਡੇ ਘਰਵਾਲੇ ਨਾਲ ਬਹੁਤ ਲੜਾਈ ਹੁੰਦੀ ਹੈ
ਹਰਕਿਰਤ:- (ਥੋੜ੍ਹਾ ਹੈਰਾਨ ਤੇ ਦੁਖੀ ਹੋ ਕੇ ਬੋਲੀ) ਤੁਹਾਨੂੰ ਕਿਸਨੇ ਦੱਸਿਆ ?
ਅਕਾਸ਼:- ਬਸ ਜੀ...ਜਿਨ੍ਹਾਂ ਨੂੰ ਆਪਾਂ ਆਪਣਾ ਮੰਨਣ ਲੱਗ ਜਾਂਦੇ ਆ ਉਹਨਾਂ ਦਾ ਥੋੜ੍ਹਾ ਖਿਆਲ ਰੱਖਣਾ ਪੈਂਦਾ
ਹਰਕਿਰਤ:-ਅੱਛਾ ਜੀ...ਤੁਸੀ ਮੈਨੂੰ ਆਪਣਾ ਕਦੋਂ ਤੋਂ ਮੰਨਣ ਲੱਗ ਗਏ!!
ਅਕਾਸ਼:- (ਗੱਲ ਨੂੰ ਟਾਲਦੇ ਹੋਏ) ਨਹੀਂ ਨਹੀਂ ਭਾਬੀ ਜੀ...ਤੁਸੀ ਗਲਤ ਸਮਝ ਰਹੇ ਹੋ
ਹਰਕਿਰਤ:- ਮੈਨੂੰ ਪਤਾ ਜੀ...ਮੈਂ ਵੀ ਮਜ਼ਾਕ ਹੀ ਕਰਦੀ ਸੀ। ਹਰਕਿਰਤ ਨੇ ਚਾਹ ਦਾ ਕੱਪ ਟੇਬਲ ਉੱਤੇ ਰੱਖਿਆ ਤੇ ਅਕਾਸ਼ ਨੂੰ ਦੱਸਣ ਲੱਗੀ
"ਮੇਰਾ ਘਰਵਾਲਾ ਹਮੇਸ਼ਾ ਦਾਰੂ ਨਾਲ ਰੱਜ ਕੇ ਆਉਂਦਾ ਹੈ ਤੇ ਸਾਡੀ ਕਾਫੀ ਲੜਾਈ ਹੁੰਦੀ ਆ...ਇਕ ਦੂਜੇ ਨਾਲ, ਕਾਫੀ ਵਾਰ ਗੱਲ ਮਾਰ ਕੁਟਾਈ ਉਪਰ ਵੀ ਆ ਜਾਂਦੀ ਹੈ,
ਘਰ ਵਿਚ ਹਮੇਸ਼ਾ ਪੈਸਿਆਂ ਨੂੰ ਲੈ ਕੇ ਵੀ ਹੱਥ ਤੰਗ ਹੀ ਰਹਿੰਦਾ ਹੈ। ਇਕ ਤਾਂ ਉਹਨਾਂ ਦੀ ਤਨਖਾਹ ਬਹੁਤ ਘੱਟ ਹੈ ਉਪਰੋਂ ਉਹ ਅੱਧੀ ਤਨਖਾਹ ਤਾਂ ਦਾਰੂ ਵਿਚ ਹੀ ਉਡਾ ਦਿੰਦੇ ਹਨ।
ਅਕਾਸ਼:- ਭਾਬੀ ਜੀ...ਕਰਦੇ ਕਿਉਂ ਨਹੀਂ ਕੁਝ ਫੇਰ
ਹਰਕਿਰਤ:- ਮੈਂ ਕਿ ਕਰ ਸਕਦੀ ਹਾਂ ਅਕਾਸ਼...ਕੁੜੀਆਂ ਦਾ ਇਸ ਸਮਾਜ ਵਿਚ ਕੋਈ ਨਹੀਂ ਹੁੰਦਾ...ਵਿਆਹ ਤੋਂ ਬਾਅਦ ਮੇਰਾ ਆਪਣਾ ਘਰ ਵੀ ਬੇਗਾਨਾ ਹੋ ਗਿਆ...ਮੇਰੇ ਸਕੇ ਮਾਂ ਬਾਪ ਮੇਰੇ ਸਕੇ ਨਾ ਰਹੇ...ਮੇਰੇ ਵਿਆਹ ਤੋਂ ਬਾਅਦ ਉਹਨਾਂ ਨੇ ਏਦਾਂ ਮਹਿਸੂਸ ਕਰਿਆ ਜਿਵੇਂ ਕਿ ਮੈਂ ਉਹਨਾਂ ਦੇ ਸਿਰ ਬਹੁਤ ਬੜਾ ਬੋਝ ਸੀ, ਜੋ ਮੇਰੇ ਵਿਆਹ ਤੋਂ ਬਾਅਦ ਉਹਨਾਂ ਦੇ ਸਿਰ ਤੋਂ ਉਤਰ ਗਿਆ ਤੇ ਹੁਣ ਉਹ ਬੋਝ ਕਿਸੇ ਹੋਰ ਦੇ ਮੱਥੇ ਮੜ ਦਿਤਾ ਗਿਆ...ਹਰ ਕੁੜੀ ਨੇ ਸੁਪਨੇ ਦੇਖੇ ਹੁੰਦੇ ਹਨ ਕਿ ਉਸਦਾ ਘਰਵਾਲਾ ਕਿਦਾਂ ਦਾ ਹੋਣਾ ਚਾਹੀਦਾ ਹੈ। ਮੈਨੂੰ ਕਦੇ ਵੀ ਮੇਰੇ ਘਰਵਾਲੇ ਤੋਂ ਪਿਆਰ ਨਹੀਂ ਮਿਲਿਆ। ਜਦੋ ਵੀ ਸਾਡੀ ਲੜਾਈ ਵੱਧ ਜਾਂਦੀ ਹੈ ਤਾਂ ਮੇਰੇ ਮਾਪੇ

ਆ ਕੇ ਉਲਟਾ ਮੈਨੂੰ ਹੀ ਸਮਝਾਉਣ ਲੱਗ ਜਾਂਦੇ ਹਨ ਕਿ ਜਿਵੇਂ ਸੁਖਵੀਰ ਕਹਿੰਦਾ ਹੈ ਉਸ ਤਰੀਕੇ ਨਾਲ ਹੀ ਰਿਹਾ ਕਰ...ਮੈਂ ਸ਼ਾਂਤ ਹੋ ਕੇ ਉਸਦੀ ਕੁੱਟ ਮਾਰ ਸਹਿ ਲੈਂਦੀ ਹਾਂ...ਹੋਰ ਕਰ ਵੀ ਕਿ ਸਕਦੀ ਹਾਂ ਮੈਂ...
ਇਹ ਕਹਿੰਦੇ ਹਰਕਿਰਤ ਦੀਆਂ ਅੱਖਾਂ ਵਿਚ ਹੰਝੂ ਆ ਗਏ।
ਅਕਾਸ਼ ਬੈਡ ਤੋਂ ਉਠ ਕੇ ਸੋਫੇ ਉੱਤੇ ਹਰਕਿਰਤ ਕੋਲ ਆ ਕੇ ਬੈਠ ਗਿਆ ਤੇ ਹਰਕਿਰਤ ਨੂੰ ਸੀਨੇ ਨਾਲ ਲਗਾ ਲਿਆ। ਹਰਕਿਰਤ ਨੂੰ ਅਕਾਸ਼ ਦੇ ਇਹ ਕਰਨ ਨਾਲ ਬਹੁਤ ਅਪਣਾਪਨ ਜਾ ਮਹਿਸੂਸ ਹੋਇਆ ਤੇ ਹਰਕਿਰਤ ਨੇ ਵੀ ਅਕਾਸ਼ ਨੂੰ ਘੁੱਟ ਕੇ ਜੱਫੀ ਪਾ ਲਈ...
ਹਰਕਿਰਤ ਦੇ ਸਰੀਰ ਦਾ ਉਭਾਰ ਜਦੋਂ ਅਕਾਸ਼ ਦੇ ਸਰੀਰ ਨਾਲ ਖਹਿਆ ਤਾਂ ਉਸ ਦੇ ਮੂੰਹ ਵਿਚੋਂ ਇਕ ਸਿਸਕੀ ਜਿਹੀ ਨਿਕਲੀ।
ਅਕਾਸ਼ ਦਾ ਦਿਲ ਬਹੁਤ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਹਰਕਿਰਤ ਦੇ ਪੂਰੇ ਸਰੀਰ ਵਿਚੋਂ ਇਕ ਅਜੀਬ ਜਿਹੀ ਮਹਿਕ ਆ ਰਹੀ ਸੀ ਜੋ ਅਕਾਸ਼ ਨੂੰ ਮੱਧਹੋਸ਼ ਜਿਹਾ ਕਰ ਰਹੀ ਸੀ। ਅਕਾਸ਼ ਨੂੰ ਲੱਗਿਆ ਕਿ ਉਹ ਸਾਰੀ ਜ਼ਿੰਦਗੀ ਹਰਕਿਰਤ ਦੀਆਂ ਬਾਹਵਾਂ ਵਿਚ ਗੁਜ਼ਾਰ ਸਕਦਾ ਹੈ।
ਅਕਾਸ਼ ਤੇ ਹਰਕਿਰਤ ਇਕ ਦੂਜੇ ਵਿਚ ਖੋ ਗਏ।
ਦੇਖਦੇ ਹੀ ਦੇਖਦੇ ਅਕਾਸ਼ ਨੇ ਹਰਕਿਰਤ ਦੀਆਂ ਅੱਖਾਂ ਵਿਚ ਦੇਖਿਆ ਤੇ ਹਰਕਿਰਤ ਨੇ ਆਪਣੀਆਂ ਅੱਖਾਂ ਝੁਕਾ ਲਇਆਂ।
ਅਕਾਸ਼ ਨੇ ਉਸ ਦੀ ਥੋਡੀ ਨੂੰ ਫੜ ਕੇ ਉਸਦਾ ਮੂੰਹ ਉਪਰ ਨੂੰ ਚੁੱਕਿਆ ਤੇ ਉਸਦੇ ਬੁੱਲਾਂ ਉੱਤੇ ਆਪਣੇ ਬੁੱਲ ਧਰ ਦਿਤੇ। ਹਰਕਿਰਤ ਦਾ ਦਿਲ ਜ਼ੋਰ ਜ਼ੋਰ ਨਾਲ ਧੜਕ ਰਿਹਾ ਸੀ। ਉਸਨੂੰ ਏਦਾਂ ਦਾ ਕਦੀ ਆਪਣੇ ਘਰਵਾਲੇ ਨਾਲ ਵੀ ਨਹੀਂ ਮਹਿਸੂਸ ਹੋਇਆ ਸੀ, ਜਿਦਾਂ ਦਾ ਉਹ ਹੁਣ ਮਹਿਸੂਸ ਕਰ ਰਹੀ ਸੀ। ਹਰਕਿਰਤ ਇਕ ਦਮ ਝੰਜੋੜੀ ਗਈ। ਹਰਕਿਰਤ ਨੂੰ ਬਹੁਤ ਵਧਿਆ ਮਹਿਸੂਸ ਹੋ ਰਿਹਾ ਸੀ। ਉਹ ਦੋਵੇ ਇਕ ਦੂਜੇ ਵਿਚ ਖੋ ਗਏ। ਹਰਕਿਰਤ ਨੂੰ ਸਮੇਂ ਦਾ ਪਤਾ ਹੀ ਨਹੀਂ ਲੱਗਿਆਂ। ਉਹ ਦੋਵੇ ਕਾਫੀ ਸਮਾਂ ਇਕ ਦੂਜੇ ਦੇ ਬੁੱਲਾਂ ਉੱਤੇ ਚੁੰਮਦੇ ਰਹੇ। ਅਚਾਨਕ ਹਰਕਿਰਤ

ਬੋਲੀ "ਮੈਨੂੰ ਜਾਣਾ ਚਾਹੀਦਾ ਅਕਾਸ਼ ਹੁਣ"
ਅਕਾਸ਼:- "ਰੁਕ ਜਾਓ...ਹਾਲੇ ਤਾਂ ਪਿਆਰ ਕਰਨਾ ਸ਼ੁਰੂ ਵੀ ਨਹੀਂ ਕੀਤਾ
ਹਰਕਿਰਤ:- ਨਹੀਂ ਅਕਾਸ਼...ਬਹੁਤ ਦੇਰ ਹੋਗੀ ਜਵਾਕ ਉੱਠਣ ਵਾਲੇ ਹੋਣੇ ਹੁਣ...ਮੈਨੂੰ ਜਾਣ ਦੇ
ਅਕਾਸ਼:- ਥੋੜ੍ਹਾ ਸਮਾਂ ਤਾਂ ਰੁਕ ਜਾਓ ਮੇਰੇ ਲਈ
ਹਰਕਿਰਤ:- ਨਹੀਂ ਅਕਾਸ਼...ਕੱਲ ਤੋਂ ਮੇਰੇ ਘਰ ਵਾਲੇ ਦੀ ਰਾਤ ਦੀ ਸਿਫ਼ਟ ਸ਼ੁਰੂ ਆ...ਇਕ ਹਫਤਾ ਰਾਤ ਦੀ ਡਿਊਟੀ ਹੀ ਰਹੂਗੀ ਉਹਨਾਂ ਦੀ...ਤੇਰਾ ਨੰਬਰ ਦੇਦੇ...ਮੈਂ ਰਾਤ ਨੂੰ ਫੋਨ ਕਰੂੰਗੀ ਤੈਨੂੰ...
ਇਹ ਕਹਿੰਦੇ ਅਕਾਸ਼ ਨੇ ਆਪਣਾ ਨੰਬਰ ਦੇ ਦਿਤਾ ਤੇ ਹਰਕਿਰਤ ਉਥੋਂ ਜਾਣ ਲੱਗੀ। ਏਨੇ ਨੂੰ ਅਕਾਸ਼ ਉਠਿਆ ਤੇ ਉਸ ਨੂੰ ਪਿੱਛੋਂ ਗੱਲ ਨਾਲ ਲਾ ਲਿਆ ਤੇ ਅਕਾਸ਼ ਨੇ ਉਸਦੀ ਪਿੱਠ ਪਿੱਛੇ ਗਰਦਨ ਉੱਤੇ ਚੁੰਮਿਆ। ਹਰਕਿਰਤ ਨੇ ਅਕਾਸ਼ ਨੂੰ ਧੱਕਾ ਦੇ ਕੇ ਇਕ ਦਮ ਸ਼ਰਮਾਂ ਕੇ ਪੌੜੀਆਂ ਚੜਨ ਲੱਗੀ ਤੇ ਅਕਾਸ਼ ਨੂੰ ਕਹਿਣ ਲੱਗੀ
"ਕੱਲ ਰਾਤ ਨੂੰ ਮਿਲਦੇ ਆ ਫੇਰ"
ਅਕਾਸ਼ ਨੇ ਹੱਸ ਕੇ ਜਵਾਬ ਦਿਤਾ "ਠੀਕ ਆ ਜੀ"
ਹਰਕਿਰਤ ਘਰ ਆਕੇ ਬੱਚਿਆਂ ਵਿਚ ਤੇ ਘਰ ਦੇ ਕੰਮ ਵਿਚ ਰੁਝ ਗਈ। ਪਰ ਉਸਦਾ ਧਿਆਨ ਅਕਾਸ਼ ਵਿਚ ਹੀ ਸੀ।
ਹਰਕਿਰਤ ਦੇ ਜਾਣ ਤੋਂ ਬਾਅਦ ਅਕਾਸ਼ ਨੂੰ ਉਸਦੇ ਦੋਸਤਾਂ ਦਾ ਫੋਨ ਆ ਗਿਆ ਤੇ ਅਕਾਸ਼ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਚਲਾ ਗਿਆ।
ਉਸ ਰਾਤ ਸੁਖਵੀਰ ਬਹੁਤ ਪੀ ਕੇ ਆਇਆ ਸੀ ਤੇ ਉਸਨੇ ਹਰਕਿਰਤ ਨਾਲ ਬਹੁਤ ਝਗੜਾ ਕੀਤਾ। ਗੱਲ ਮਾਰ ਕੁਟਾਈ ਤੱਕ ਪਹੁੰਚ ਗਈ ਸੀ।
ਅਕਾਸ਼ ਰਾਤ ਦੇ ਤਕਰੀਬਨ 2 ਵਜੇ ਘਰ ਆਇਆ ਸੀ। ਹਰਕਿਰਤ ਦੇ ਘਰ ਦੀਆਂ ਸਭ ਲਾਈਟਾਂ ਬੰਦ ਸਨ ਅਕਸਰ ਉਹ ਘਰ ਦੀ ਬਾਹਰਲੀ ਲਾਈਟ ਚਲਦੀ ਰੱਖਦੇ ਸਨ। ਅਕਾਸ਼ ਨੇ ਇਹ ਗੱਲ ਅਣਦੇਖੀ ਕੀਤੀ ਤੇ ਜਾ ਕੇ ਆਪਣੇ

ਕਮਰੇ ਵਿਚ ਸੋ ਗਿਆ।
ਅਗਲੇ ਦਿਨ ਹਰਕਿਰਤ ਛੱਤ ਉੱਤੇ ਨਾ ਆਈ।
ਰਾਤ ਹੋਈ ਤਾਂ ਅਕਾਸ਼ ਹਰਕਿਰਤ ਦਾ ਫੋਨ ਉਡੀਕ ਰਿਹਾ ਸੀ...ਦੇਖਦੇ ਹੀ ਦੇਖਦੇ ਰਾਤ ਦਾ 12 ਵੱਜ ਗਏ...ਅਕਾਸ਼ ਬਾਰ ਬਾਰ ਫੋਨ ਨੂੰ ਚੈੱਕ ਕਰਦਾ ਕਿ ਕੀਤੇ ਫੋਨ ਤਾਂ ਨਹੀਂ ਆਇਆ, ਪਰ ਹਰਕਿਰਤ ਦਾ ਫੋਨ ਨਾ ਆਇਆ। ਅਕਾਸ਼ ਨੂੰ ਇਹ ਗੱਲ ਦਾ ਅਫਸੋਸ ਹੋਣ ਲੱਗਾ ਕੀਤੇ ਮੈਂ ਉਸ ਦਿਨ ਕੁਝ ਜ਼ਿਆਦਾ ਤਾਂ ਨਹੀਂ ਕਰ ਗਿਆ ਸੀ। ਉਸਨੂੰ ਮੇਰੀ ਸ਼ਾਇਦ ਕੋਈ ਗੱਲ ਬੁਰੀ ਲੱਗੀ। ਅਕਾਸ਼ ਸਾਰੀ ਰਾਤ ਸੋਚਦਾ ਰਿਹਾ ਕਿ ਮੇਰੇ ਤੋਂ ਇਹੋ ਜਿਹੀ ਕਿ ਗਲਤੀ ਹੋ ਗਈ ਜੋ ਹਰਕਿਰਤ ਨੇ ਫੋਨ ਨਹੀਂ ਕਰਿਆ ਮੈਨੂੰ?
ਇਹ ਸੋਚਦੇ-ਸੋਚਦੇ ਅਕਾਸ਼ ਦੀ ਅੱਖ ਲੱਗ ਗਈ।
ਅਗਲੇ ਦਿਨ ਵੀ ਹਰਕਿਰਤ ਛੱਤ ਉੱਤੇ ਵੀ ਨਾ ਆਈ...ਅਕਾਸ਼ ਬਹੁਤ ਹੈਰਾਨ ਹੋਇਆ ਇਹ ਸਭ ਦੇਖਕੇ। ਅੱਜ ਉਹਨਾਂ ਦੇ ਘਰ ਦਾ ਬਾਹਰਲਾ ਦਰਵਾਜਾ ਵੀ ਨਹੀਂ ਖੁਲਾ ਸੀ। ਅਕਾਸ਼ ਨੂੰ ਇਹ ਦੇਖਕੇ ਬਹੁਤ ਬੇਚੈਨੀ ਹੋਈ। ਪਰ ਉਹ ਕਰ ਵੀ ਕਿ ਸਕਦਾ ਸੀ।
ਉਸ ਰਾਤ ਅਕਾਸ਼ 8 ਵਜੇ ਦੇ ਕਰੀਬ ਛੱਤ ਉੱਤੇ ਗਿਆ ਤੇ ਉਸਨੇ ਦੇਖਿਆ ਕਿ ਹਰਕਿਰਤ ਦੇ ਘਰ ਦੇ ਵਿਚ ਕੋਈ ਵੀ ਲਾਈਟ ਨਹੀਂ ਜਲ ਰਹੀ ਸੀ। ਸਾਰੇ ਘਰ ਵਿਚ ਹਨੇਰਾ ਹੋਇਆ ਪਿਆ ਸੀ। ਉਸਨੂੰ ਇਹ ਸਭ ਕੁਝ ਬਹੁਤ ਅਜੀਬ ਲੱਗ ਰਿਹਾ ਸੀ।
ਅਕਾਸ਼ ਤੋਂ ਹੁਣ ਰਿਹਾ ਨਾ ਗਿਆ, ਉਹ ਉਹਨਾਂ ਦੇ ਘਰ ਦੀ ਕੰਧ ਟੱਪਿਆ ਤੇ ਅੰਦਰ ਚਲਾ ਗਿਆ। ਜਦੋ ਉਸਨੇ ਕਮਰੇ ਦਾ ਦਰਵਾਜ਼ਾ ਖੋਲਿਆ ਤਾਂ ਉਸਦਾ ਰੰਗ ਉੱਡ ਗਿਆ। ਹਰਕਿਰਤ ਦੇ ਜਵਾਕ ਜ਼ਮੀਨ ਉੱਤੇ ਪਏ ਸਨ ਤੇ ਅਕਾਸ਼ ਦੇ ਸਰੀਰ ਵਿਚ ਇਕ ਦਮ ਕੰਬਣੀ ਛਿੜ ਗਈ। ਅਕਾਸ਼ ਘਬਰਾਉਂਦੇ ਹੋਏ ਜਵਾਕਾਂ ਕੋਲ ਗਿਆ, ਉਸਨੇ ਦੇਖਿਆ ਕਿ ਉਹਨਾਂ ਦੇ ਗਲੇ ਉਪਰ ਲਾਲ ਰੰਗ ਦੇ ਨਿਸ਼ਾਨ ਸਨ, ਦੇਖਕੇ ਏਦਾਂ ਲੱਗਦਾ ਸੀ ਜਿਵੇ ਕਿਸੇ ਨੇ ਗਲਾਂ ਘੋਟਿਆ ਹੁੰਦਾ ਉਹਨਾਂ ਦਾ। ਉਸਨੇ

www.punjabilibrary.com

ਆਪਣੇ ਕੰਬਦੇ ਹੱਥਾਂ ਨਾਲ ਜਵਾਕਾਂ ਦੀ ਨਬਜ਼ ਦੇਖੀ। ਦੋਵੇਂ ਜਵਾਕ ਮਰ ਚੁੱਕੇ ਸਨ। ਅਕਾਸ਼ ਨੂੰ ਕੁਝ ਸਮਝ ਨਾ ਆਇਆ ਕਿ ਉਹ ਹੁਣ ਕਿ ਕਰੇ। ਅਕਾਸ਼ ਅਚਾਨਕ ਉਠਿਆ ਤੇ ਘਬਰਾਹਟ ਵਿਚ ਹਰਕਿਰਤ ਨੂੰ ਬਾਕੀ ਕਮਰਿਆਂ ਵਿਚ ਲੱਭਣ ਲੱਗਾ।
ਇਕ ਕਮਰੇ ਦਾ ਦਰਵਾਜਾ ਖੁਲ ਨਹੀਂ ਰਿਹਾ ਸੀ। ਅਕਾਸ਼ ਨੇ ਦਰਵਾਜ਼ੇ ਨੂੰ ਆਪਣੇ ਮੋਢੇ ਨਾਲ ਤੋੜਨ ਦੀ ਕੋਸ਼ਿਸ ਕੀਤੀ। ਜਦੋ ਦਰਵਾਜ਼ਾ ਖੁਲਿਆ ਅਕਾਸ਼ ਉਹ ਦ੍ਰਿਸ਼ ਦੇਖ ਜ਼ਮੀਨ ਉੱਤੇ ਗੋਡਿਆਂ ਭਾਰ ਬੈਠ ਗਿਆ ਤੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ। ਅਕਾਸ਼ ਨੇ ਦੇਖਿਆ ਹਰਕਿਰਤ ਦੀ ਲਾਸ਼ ਚੁੰਨੀ ਦੇ ਸਹਾਰੇ ਪੱਖੇ ਨਾਲ ਝੂਟ ਰਹੀ ਸੀ ਤੇ ਸੁਖਵੀਰ ਦੀ ਲਾਸ਼ ਖੂਨ ਨਾਲ ਲੱਥਪਥ ਹੋਈ ਫ਼ਰਸ਼ ਉੱਤੇ ਪਈ ਸੀ। ਸੁਖਵੀਰ ਦੀ ਲਾਸ਼ ਵਿਚੋਂ ਬਹੁਤ ਬਦਬੂ ਆ ਰਹੀ ਸੀ। ਇਸ ਘਟਨਾ ਨੇ ਅਕਾਸ਼ ਨੂੰ ਅੰਦਰ ਤੱਕ ਝੰਜੋੜ ਦਿਤਾ। ਅਕਾਸ਼ ਦੇ ਦਿਲ ਵਿਚ ਕਿਸੇ ਗੱਲ ਨੂੰ ਲੈ ਕੇ ਮਲਾਲ ਸੀ। ਉਹ ਨਮ ਅੱਖਾਂ ਨਾਲ ਹਰਕਿਰਤ ਵੱਲ ਦੇਖ ਰਿਹਾ ਸੀ ਤੇ ਅਕਾਸ਼ ਦੇ ਦਿਮਾਗ ਵਿਚ ਸਿਰਫ ਹਰਕਿਰਤ ਦਾ ਹੱਸਦਾ ਚਿਹਰਾ ਘੁੰਮ ਰਿਹਾ ਸੀ।

ਲੇਖਕ -ਪਰਵੀਨ ਰੱਖੜਾ
(8360000267)

**Read more like this at**

**www.punjabilibrary.com**